# SANT NIRANKARI MANDAL (Regd.)

SANT NIRANKARI COLONY, DELHI-110009 (INDIA)

**(HEAD QUARTERS)**

Ref. No..............  Dated 13-12-1981

ਸਤਿਕਾਰਯੋਗ ਜੱਥੇਦਾਰ ਜੀ,

ਧੰਨ ਨਿਰੰਕਾਰ।

ਦਾਸ ਨੂੰ ਨਿਰੰਕਾਰੀ ਮੰਡਲ ਦੇ ਚੇਅਰਮੈਨ ਸਰਦਾਰ ਗੋਬਿੰਦ ਸਿੰਘ ਜੀ ਨੇ ਇਕ ਪੱਤਰ ਦਿਤਾ ਜਿਹੜਾ ਉਨ੍ਹਾਂ ਨੂੰ ਸਰਦਾਰ ਮਨਜੀਤ ਸਿੰਘ ਖੈਹਰਾ, ਐਡਵੋਕੇਟ, ਚੰਡੀਗੜ੍ਹ ਵਲੋਂ ਮਿਲਿਆ ਸੀ ਅਤੇ ਜਿਸ ਵਿਚ ਆਪਜੀ ਵਲੋਂ ਸਰਦਾਰ ਮਨਜੀਤ ਸਿੰਘ ਜੀ ਨੂੰ ਅਜ ਦੇ ਅਣਸੁਖਾਵੇਂ ਵਾਤਾਵਰਣ ਨੂੰ ਸੁਧਾਰਨ ਅਤੇ ਸਦਾ ਲਈ ਮਤਭੇਦਾਂ ਨੂੰ ਮੇਟਣ ਲਈ ਦਾਸ ਤੋਂ ਕੁਝ ਸਪਸ਼ਟੀਕਰਣ ਆਪਜੀ ਨੂੰ ਭੇਜਣ ਲਈ ਲਿਖਿਆ ਹੈ। ਅਜ ਸਰਦਾਰ ਮਨਜੀਤ ਸਿੰਘ ਜੀ ਦਾਸ ਨੂੰ ਨਿਰੰਕਾਰੀ ਭਵਨ, ਦਿਲੀ ਵਿਚ ਆਪ ਆ ਕੇ ਮਿਲੇ। ਦਾਸ ਉਨ੍ਹਾਂ ਦੀ ਤੇ ਆਪਜੀ ਦੀ ਭਾਵਨਾ ਦੀ ਕਦਰ ਕਰਦਾ ਹੈ ਤੇ ਉਨ੍ਹਾਂ ਦੇ ਕਹਿਣ ਤੇ ਹੇਠ ਲਿਖੇ ਸਪਸ਼ਟੀਕਰਣ ਆਪਜੀ ਨੂੰ ਭੇਜ ਰਿਹਾ ਹੈ:

1. ਅਸੀਂ ਸਿਖ ਗੁਰੂ ਸਾਹਿਬਾਨ ਨੂੰ ਰੱਬੀ ਅਵਤਾਰ ਮੰਨਦੇ ਹਾਂ ਤੇ ਉਨ੍ਹਾਂ ਪ੍ਰਤੀ ਸਾਡੀ ਭਾਵਨਾ ਪੂਰੀ ਸ਼ਰਧਾ ਵਾਲੀ ਹੈ।

2. ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਗੁਰ ਦੀ ਬਾਣੀ ਮੰਨਦੇ ਹਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਚ ਕੋਈ ਮੰਦੀ ਭਾਵਨਾ ਨਾਂ ਹੀ ਰਖਦੇ ਹਾਂ ਤੇ ਨਾਂ ਹੀ ਪ੍ਰਗਟ ਕਰਦੇ ਹਾਂ। ਅਸੀਂ ਸਿਖ ਰਹਿਤ ਮਰਿਯਾਦਾ ਅਤੇ ਪਰੰਪਰਾਵਾਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਸੰਬੰਧੀ ਅਯੋਗ ਸ਼ਬਦ ਵਰਤਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

3. ਨਿਰੰਕਾਰੀ ਮਿਸ਼ਨ ਦੀਆਂ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁਗਪੁਰਸ਼' ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਨਹੀਂ ਲਿਖੀਆਂ ਗਈਆਂ ਪਰ ਫਿਰ ਭੀ ਜੇ ਕੁਝ ਗਲਾਂ ਸਿਖ ਸੰਗਤਾਂ ਲਈ ਇਤਰਾਜ਼ਯੋਗ ਹੋਣ ਤਾਂ ਉਨ੍ਹਾਂ ਦੀ ਸੋਧ ਬਾਰੇ ਫੈਸਲਾ ਦੋਨਾਂ ਧਿਰਾਂ ਦੀ ਸਾਂਝੀ ਕਮੇਟੀ ਕਰ ਦੇਵੇਗੀ।

ਦਾਸ ਨੂੰ ਉਮੀਦ ਹੈ ਕਿ ਉਪਰੋਕਤ ਸਪਸ਼ਟੀਕਰਣ ਤੋਂ ਪਿਛੋਂ ਆਪਜੀ, ਸਿਖ ਸੰਗਤਾਂ ਤੇ ਨਿਰੰਕਾਰੀਆਂ ਵਿਚਕਾਰ ਪਏ ਮਤਭੇਦਾਂ ਨੂੰ ਖਤਮ ਕਰਨ ਵਿਚ ਕਾਮਯਾਬ ਹੋਵੋਗੇ।

ਧੰਨਵਾਦ ਸਹਿਤ,

ਆਪਜੀ ਦਾ ਹਿਤੂ

ਹਰਦੇਵ ਸਿੰਘ

(ਨਿਰੰਕਾਰੀ ਬਾਬਾ)

ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ,
ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ
ਰਾਹੀਂ ਸਰਦਾਰ ਮਨਜੀਤ ਸਿੰਘ ਖੈਹਰਾ, ਐਡਵੋਕੇਟ, ਚੰਡੀਗੜ੍ਹ।